ਬੱਚੇ ਦਾ ਸ਼ੁਰੂਆਤੀ ਵਿਕਾਸ

# ਓਨਟੈਰਿਓ ਦਾ ਪ੍ਰੀ-ਸਕੂਲ ਬੋਲੀ ਅਤੇ ਭਾਸ਼ਾ ਪ੍ਰੋਗਰਾਮ



## ਤੁਹਾਡੇ ਬੱਚੇ ਦੀ ਬੋਲੀ ਅਤੇ ਭਾਸ਼ਾ ਦਾ ਵਿਕਾਸ

10 ਵਿੱਚੋਂ ਲਗਭਗ 1 ਬੱਚੇ ਨੂੰ ਬੋਲੀ ਅਤੇ ਭਾਸ਼ਾ ਮੁਹਾਰਤਾਂ ਵਿਕਸਿਤ ਕਰਨ ਵਿੱਚ ਵਾਧੂ ਮਦਦ ਦੀ ਲੋੜ ਹੁੰਦੀ ਹੈ। ਮਦਦ ਦੇ ਬਗੈਰ, ਹੋ ਸਕਦਾ ਹੈ ਇਹਨਾਂ ਬੱਚਿਆਂ ਵਾਸਤੇ ਸੁਣਨਾ, ਗੱਲਬਾਤ ਕਰਨਾ, ਪੜ੍ਹਨਾ ਅਤੇ ਹੋਰਨਾਂ ਨਾਲ ਖੇਡਣਾ ਵਧੇਰੇ ਮੁਸ਼ਕਲ ਹੋਵੇ। ਓਨਟੈਰਿਓ ਦਾ ਪ੍ਰੀ-ਸਕੂਲ ਬੋਲੀ ਅਤੇ ਭਾਸ਼ਾ ਪ੍ਰੋਗਰਾਮ (Ontario Preschool Speech and Language Program) ਬੱਚਿਆਂ ਨੂੰ ਜਨਮ ਤੋਂ ਲੈਕੇ ਸਕੂਲ ਜਾਣਾ ਸ਼ੁਰੂ ਕਰਨ ਤੱਕ ਸੇਵਾਵਾਂ ਪ੍ਰਦਾਨ ਕਰਾਉਂਦਾ ਹੈ। ਤੁਹਾਡੇ ਬੱਚੇ ਵਾਸਤੇ ਸੇਵਾਵਾਂ ਕਿਸੇ ਸਪੀਚ ਲੈਂਗੁਏਜ ਪੈਥੋਲੋਜਿਸਟ ਕੋਲ ਇੱਕ ਇਨਟੇਕ ਵਿਜ਼ਿਟ ਤੋਂ ਸ਼ੁਰੂ ਹੁੰਦੀਆਂ ਹਨ ਤਾਂ ਜੋ ਤੁਹਾਡੇ ਸ਼ੰਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ ਅਤੇ ਇਸ ਬਾਰੇ ਹੋਰ ਵਧੇਰੇ ਜਾਣਿਆ ਜਾ ਸਕੇ ਕਿ ਤੁਹਾਡੇ ਬੱਚੇ ਦੀ ਬੋਲੀ ਅਤੇ ਭਾਸ਼ਾ ਮੁਹਾਰਤਾਂ ਕਿਵੇਂ ਵਿਕਸਿਤ ਹੋ ਰਹੀਆਂ ਹਨ। ਬੋਲੀ ਅਤੇ ਭਾਸ਼ਾ ਚਿਕਿਤਸਾ ਅਤੇ ਮਾਪੇ ਦੀ ਸਿਖਲਾਈ ਅਤੇ ਸਹਾਇਤਾ, ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸਮੁੱਚੇ ਪ੍ਰਾਂਤ ਵਿੱਚ ਵੱਖ-ਵੱਖ ਸਥਾਨਾਂ 'ਤੇ ਪ੍ਰਦਾਨ ਕੀਤੇ ਜਾਂਦੇ ਹਨ।

## ਬੋਲੀ ਅਤੇ ਭਾਸ਼ਾ ਮੁਹਾਰਤਾਂ ਏਨੀਆਂ ਮਹੱਤਵਪੂਰਨ ਕਿਉਂ ਹਨ

ਤੁਹਾਡਾ ਬੱਚਾ ਪੜਚੋਲ ਕਰਕੇ, ਖੇਡਕੇ, ਇਸ਼ਾਰਾ ਕਰਕੇ ਅਤੇ ਧੁਨੀਆਂ, ਸ਼ਬਦਾਂ ਅਤੇ ਵਾਕਾਂ ਦੀ ਵਰਤੋਂ ਕਰਦੇ ਹੋਏ ਗੱਲਬਾਤ ਕਰਕੇ ਸੰਚਾਰ ਕਰਨ ਦੇ ਤਰੀਕੇ ਬਾਰੇ ਸਿੱਖਦਾ ਹੈ। ਇਹ ਸਾਰੀਆਂ ਕਿਰਿਆਵਾਂ ਤੁਹਾਡੇ ਬੱਚੇ ਦੇ ਵਾਧੇ ਅਤੇ ਵਿਕਾਸ ਲਈ ਅਹਿਮ ਹਨ। ਤੁਸੀਂ ਆਪਣੇ ਬੱਚੇ ਨੂੰ ਇਹ ਮੁਹਾਰਤਾਂ ਵਿਕਸਿਤ ਕਰਨ ਲਈ ਮਦਦ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹੋ। ਤੁਹਾਡੇ ਬੱਚੇ ਨਾਲ ਆਮ੍ਹਣੇ-ਸਾਮ੍ਹਣੇ ਕੀਤੀਆਂ ਅੰਤਰਕਿਰਿਆਵਾਂ ਜਿਨ੍ਹਾਂ ਵਿੱਚ ਗੱਲਬਾਤ ਕਰਨਾ, ਪੜ੍ਹਨਾ ਅਤੇ ਖੇਡਣਾ ਸ਼ਾਮਲ ਹੈ, ਤੁਹਾਡੇ ਬੱਚੇ ਨੂੰ ਸੰਚਾਰ ਮੁਹਾਰਤਾਂ ਵਿਕਸਿਤ ਕਰਨ ਵਿੱਚ ਮਦਦ ਕਰਨਗੀਆਂ। ਜਦ ਸਕੂਲ ਸ਼ੁਰੂ ਕਰਨ ਦਾ ਸਮਾਂ ਹੁੰਦਾ ਹੈ, ਤਾਂ ਤੁਹਾਡਾ ਬੱਚਾ ਇਹਨਾਂ ਮੁਹਾਰਤਾਂ ਨੂੰ ਦੋਸਤ ਬਣਾਉਣ, ਸਮੱਸਿਆਵਾਂ ਹੱਲ ਕਰਨ, ਅਤੇ ਪੜ੍ਹਨਾ ਅਤੇ ਲਿਖਣਾ ਸਿੱਖਣ ਲਈ ਵਰਤੇਗਾ।

## ਮੈਂ ਹੋਰ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?

ਜੇ ਤੁਹਾਡੇ ਬੱਚੇ ਦੀ ਬੋਲੀ ਅਤੇ ਭਾਸ਼ਾ ਮੁਹਾਰਤਾਂ ਬਾਰੇ ਤੁਹਾਡੇ ਕੋਈ ਸਵਾਲ ਜਾਂ ਸ਼ੰਕੇ ਹਨ, ਤਾਂ ਪ੍ਰੀ-ਸਕੂਲ ਬੋਲੀ ਅਤੇ ਭਾਸ਼ਾ ਪ੍ਰੋਗਰਾਮ ਨਾਲ ਸੰਪਰਕ ਕਰੋ। ਤੁਹਾਨੂੰ ਆਪਣੇ ਡਾਕਟਰ ਤੋਂ ਕਿਸੇ ਰੈਫ਼ਰਲ ਦੀ ਲੋੜ ਨਹੀਂ ਹੈ। ਪ੍ਰੋਗਰਾਮ ਦਾ ਅਮਲਾ ਤੁਹਾਨੂੰ ਸਿਖਾ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਉਸਦੀਆਂ ਸੰਚਾਰ ਮੁਹਾਰਤਾਂ ਵਿਕਸਿਤ ਕਰਨ ਵਿੱਚ ਮਦਦ ਕਿਵੇਂ ਕਰਨੀ ਹੈ, ਤਾਂ ਜੋ ਨਰੋਏ ਵਿਕਾਸ ਵਾਸਤੇ ਉਹਨਾਂ ਨੂੰ ਸਰਵੋਤਮ ਮੌਕਾ ਦਿੱਤਾ ਜਾ ਸਕੇ।

**ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਦੇਖੋ:**
**ontario.ca/preschoolspeech**

Ontario